# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਵੱਲ

ਸਮੂਹ ਕੱਲ੍ਸਟਰ ਮੁਖੀ
ਸਸਸ/ਸਹਸ
ਜ਼ਿਲ੍ਹਾ ਮਾਨਸਾ।

ਪੱਤਰ ਨੰ:ਆਈ.ਸੀ.ਟੀ./ਸੱਵਛ ਲੈਬ ਅਭਿਆਨ/2018/ 4038 ਮਿਤੀ: 19/6/18

**ਵਿਸ਼ਾ:-** **'' ਸਵੱਛ ਕੰਪਿਊਟਰ ਲੈਬ'' ਸਬੰਧੀ ਰਿਪੋਰਟ ਪ੍ਰਾਪਤ ਨਾ ਹੋਣ ਬਾਰੇ।**

**ਹਵਾਲਾ:** **ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੇ ਪੱਤਰ ਨੰ: 2/5-ਆਈ.ਸੀ.ਟੀ.-2015 /Misc./201814760 ਮਿਤੀ:15.05.2018 ਸਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰੀ ਸਕੂਲਾਂ ਵਿੱਚ ਸਥਾਪਿਤ ਕੰਪਿਊਟਰ ਲੈਬਜ਼ ਦੀ ਸਵੱਛਤਾ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਵਿੱਚ ''ਸਵੱਛ ਕੰਪਿਊਟਰ ਲੈਬ'' ਮੁਕਾਬਲੇ ਕਰਵਾਏ ਗਏ ਸਨ। ਇਸ ਕੰਪੀਟੀਸ਼ਨ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਦੀ ਸਾਫ-ਸਫਾਈ ਰੱਖਣ ਲਈ ਕੰਪਿਊਟਰ ਫੈਕਲਟੀਜ਼ ਅਤੇ ਸਕੂਲਾਂ ਨੂੰ ਉਤਸ਼ਾਹਿਤ ਕਰਨਾ ਸੀ।

ਉਪਰੋਕਤ ਸਬੰਧੀ ''ਸਵੱਛ ਕੰਪਿਊਟਰ ਲੈਬ'' ਦੀ ਚੌਣ ਲਈ ਕੱਲਸਟਰ ਪੱਧਰ ਤੇ ਇੱਕ ਕਮੇਟੀ ਗਠਿਤ ਕਰਕੇ ਰਿਪੋਰਟ ਭੇਜਣ ਸਬੰਧੀ ਲਿਖਿਆ ਗਿਆ ਸੀ।ਕਮੇਟੀ ਵਿੱਚ ਕੱਲਸਟਰ ਮੁੱਖੀ ਖੁਦ ਚੇਅਰਮੈਨ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਇੱਕ ਸੀਨੀਅਰ ਮੁੱਖ ਅਧਿਆਪਕ/ਲੈਕਚਰਾਰ ਅਤੇ ਇੱਕ ਤਜਰਬੇਕਾਰ ਕੰਪਿਊਟਰ ਫੈਕਲਟੀ/ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲਾ ਕਰਮਚਾਰੀ ਮੈਂਬਰ ਲੈ ਸਕਦੇ ਸਨ। ਕਮੇਟੀ ਵੱਲੋਂ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਨਾਲ ਨੱਥੀ Parameters ਅਨੁਸਾਰ ਆਪਣੇ ਕੱਲਸਟਰ ਵਿੱਚੋਂ ਇੱਕ ਸੱਵਛ ਕੰਪਿਊਟਰ ਲੈਬ ਸਸਸ/ਸਹਸ ਵਿੱਚੋਂ ਅਤੇ ਇੱਕ ਸੱਵਛ ਕੰਪਿਊਟਰ ਲੈਬ ਮਿਡਲ ਸਕੂਲਾਂ ਵਿੱਚੋਂ ਚੋਣ ਕਰਨ ਉਪਰੰਤ ਰਿਪੋਰਟ ਨੱਥੀ Parameters ਪ੍ਰੋਫਾਰਮੇ ਤੇ 28.05.2018 ਸ਼ਾਮ:05.00 ਵਜੇ ਤੱਕ ਜ਼ਿਲ੍ਹਾ ਦਫ਼ਤਰ ਦੀ ਆਈ.ਸੀ.ਟੀ. ਬ੍ਰਾਂਚ ਵਿਖੇ ਜਮ੍ਹਾਂ ਕਰਵਾਉਣ ਹਿੱਤ ਲਿਖਿਆ ਗਿਆ ਸੀ। ਪ੍ਰੰਤੂ ਹੇਠ ਦਰਜ ਕੱਲਸਟਰਾਂ ਵੱਲੋਂ ਅਜੇ ਤੱਕ ਸਬੰਧਤ ਸੂਚਨਾ ਇਸ ਦਫ਼ਤਰ ਨੂੰ ਨਹੀਂ ਭੇਜੀ ਗਈ। ਸੋ ਸਬੰਧਤ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਤੁਰੰਤ ਰਿਪੋਰਟ ਤਿਆਰ ਕਰਕੇ ਭੇਜੀ ਜਾਵੇ ਤਾਂ ਜ਼ੋ ਮੁੱਖ ਦਫ਼ਤਰ ਨੂੰ ਨਤੀਜੇ ਭੇਜੇ ਜਾ ਸਕਣ।

**ਡਿਫਾਲਟਰਜ਼ ਕੱਲਸਟਰਾਂ ਦੀ ਸੂਚੀ: ਬਰੇਟਾ (ਮੁੰ), ਬੋਹਾ (ਮੁੰ), ਬੁਢਲਾਡਾ (ਮੁੰ), ਬੁਢਲਾਡਾ (ਕੰ), ਬੀਰੋਕੇ ਕਲਾਂ, ਦਾਤੇਵਾਸ, ਫੱਤਾ ਮਾਲੋਕਾ, ਮੀਰਪੁਰ ਕਲਾਂ, ਬੀਰ ਹੋਡਲਾ ਕਲਾਂ, ਕਰੰਡੀ, ਖਿਆਲਾ ਕਲਾਂ (ਮੁੰ), ਮੂਸਾ, ਨੰਗਲ ਕਲਾਂ, ਅਕਾਂਵਾਲੀ, ਰਾਏਪੁਰ, ਭੈਣੀ ਬਾਘਾ।**

**ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)**
**ਮਾਨਸਾ।**

Scanned by CamScanner